ਮਾੱਡਲ ਟੈਸਟ ਪੇਪਰ

ਸ਼੍ਰੇਣੀ - ਅੱਠਵੀਂ

ਵਿਸ਼ਾ -ਸੰਗੀਤ (ਨ੍ਰਿਤ)

ਸੈਸ਼ਨ - 2023-2024

ਸਮਾਂ - 3 ਘੰਟੇ

ਕੁਲ ਅੰਕ-45

## ਭਾਗ – ੳ

1 ਤੋਂ 10 ਤੱਕ ਵਸਤੂਨਿਸ਼ਠ ਪ੍ਰਸ਼ਨ, 11 ਤੋਂ 15 ਖਾਲੀ ਥਾਵਾਂ, 16 ਤੋਂ 19 ਤੱਕ ਸਹੀ/ਗ਼ਲਤ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰ ਪ੍ਰਸ਼ਨ 1 ਅੰਕ ਦਾ ਹੋਵੇਗਾ।

(ਕ) ਵਸਤੂਨਿਸ਼ਠ ਪ੍ਰਸ਼ਨ (ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ)

1. ਦਮਯੰਤੀ ਜੋਸ਼ੀ ਜੀ ਕਿਸ ਕਲਾ ਵਿੱਚ ਨਿਪੁਣ ਸਨ?
2. ਬਿਰਜੂ ਮਹਾਰਾਜ ਜੀ ਦਾ ਜਨਮ ਕਿੱਥੇ ਹੋਇਆ?
3. ਕੱਤਥਕ ਕਿਸ ਪ੍ਰਾਂਤ ਦਾ ਨਾਚ ਹੈ?
4. ਨ੍ਰਿਤ ਦੀ ਪਰਿਭਾਸ਼ਾ ਦੀਓ।
5. ਕੱਤਥਕ ਨਾਲ਼ ਕਿਹੜਾ ਸਾਜ਼ ਵਜਾਇਆ ਜਾਂਦਾ ਹੈ?
6. ਮੁਦਰਾ ਕਿਸਨੂੰ ਆਖਦੇ ਹਨ?
7. ਤਿੰਨਤਾਲ ਵਿੱਚ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ?
8. ਇੱਕਤਾਲ ਦੀ ਦੂਜੀ ਮਾਤਰਾ ਤੇ ਕਿਹੜਾ ਬੋਲ ਆਉਂਦਾ ਹੈ?
9. ਦਾਦਰਾ ਤਾਲ ਕਿਸ ਤੇ ਵਜਾਈ ਜਾਂਦੀ ਹੈ?
10. ਦਾਦਰਾ ਤਾਲ ਵਿੱਚ ਕਿੰਨੇ ਵਿਭਾਗ ਹੁੰਦੇ ਹਨ ?

(10x1=10)

(ਖ) ਖਾਲੀ ਥਾਵਾਂ

11. ਕੱਤਥਕ ਇੱਕ ਪ੍ਰਕਾਰ ਦਾ ____________ ਹੈ।
12. ਵਿਲੰਬਿਤ ਲੈਅ ਦੀ ਲੈਅ ____________ ਹੁੰਦੀ ਹੈ।
13. ਖਾਲੀ ਦੀ ਨਿਸ਼ਾਨੀ ____________ ਹੁੰਦੀ ਹੈ।
14. ਦਾਦਰਾ ਤਾਲ ਵਿੱਚ ਸਮ ________ ਮਾਤਰਾ ਤੇ ਆਉਂਦਾ ਹੈ।
15. ਤਿੰਨਤਾਲ ਵਿੱਚ ਧਾ ਦਾ ਬੋਲ ________ ਮਾਤਰਾ ਤੇ ਆਉਂਦਾ ਹੈ

(5X1=5)

(ਗ) ਸਹੀ/ਗ਼ਲਤ

16. ਮੁਦਰਾਵਾਂ ਹੱਥ ਦੀਆਂ ਹੁੰਦੀਆਂ ਹਨ।
17. ਕੱਤਥਕ ਨ੍ਰਿਤ ਵਿੱਚ ਤਬਲੇ ਨੂੰ ਵਜਾਇਆ ਜਾਂਦਾ ਹੈ।
18. ਦਾਦਰਾ ਤਾਲ ਵਿੱਚ ਕੋਈ ਮਾਤਰਾ ਖਾਲੀ ਨਹੀਂ ਹੁੰਦੀ।
19. ਤੋੜਾ 5 ਮਾਤਰਾਵਾਂ ਦਾ ਹੁੰਦਾ ਹੈ।

(4X1=4)

## ਭਾਗ - ਅ

20 ਤੋਂ 27 ਤੱਕ 8 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰ ਪ੍ਰਸ਼ਨ 2 ਅੰਕ ਦਾ ਹੋਵੇਗਾ।

20. ਸਮ ਬਾਰੇ ਸੰਖੇਪ ਵਿੱਚ ਲਿਖੋ।
21. ਹੱਥ ਦੀਆਂ 5 ਮੁਦਰਾਵਾਂ ਨੂੰ ਵਿਸਥਾਰ ਨਾਲ ਸਮਝਾਓ।
22. ਕੱਤਥਕ ਨ੍ਰਿਤ ਨਾਲ ਕਿਹੜੇ - ਕਿਹੜੇ ਸਾਜ਼ ਦੀ ਵਰਤੋਂ ਹੁੰਦੀ ਹੈ , ਕਿਸੇ ਇੱਕ ਸਾਜ਼ ਬਾਰੇ ਸੰਖੇਪ ਵਿੱਚ ਲਿਖੋ।
23. ਵਿਲੰਬਿਤ ਲੈਅ ਬਾਰੇ ਸੰਖੇਪ ਵਿੱਚ ਲਿਖੋ
24. ਮੱਧ ਲੈਅ ਬਾਰੇ ਲਿਖੋ
25. ਇੱਕਤਾਲ ਦਾ ਪਰਿਚੈ ਲਿਖੋ।
26. ਦਾਦਰਾ ਤਾਲ ਦਾ ਪਰਿਚੈ ਲਿਖੋ।
27. ਝੱਪਤਾਲ ਨੂੰ ਇੱਕਗੁਣ ਵਿੱਚ ਲਿਖੋ।

(8x2=16)

## ਭਾਗ – ੲ

28 ਤੋਂ 29 ਤੱਕ 2 ਨਿਬੰਧਾਤਮਕ ਪ੍ਰਸ਼ਨ ਪੁੱਛੇ ਜਾਣਗੇ। ਇਨ੍ਹਾਂ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ ਦਿੱਤੀ ਜਾਵੇਗੀ। ਹਰ ਪ੍ਰਸ਼ਨ 5 ਅੰਕ ਦਾ ਹੋਵੇਗਾ।

28. ਦਮਯੰਤੀ ਜੋਸ਼ੀ ਜੀ ਦੀ ਸੰਗੀਤ ਪ੍ਰਤੀ ਦੇਣ ਬਾਰੇ ਵਿਸਥਾਰ ਨਾਲ ਦੱਸੋ।

ਜਾਂ

ਬਿਰਜੂ ਮਹਾਰਾਜ ਜੀ ਦਾ ਜੀਵਨ ਪਰਿਚੈ ਲਿਖੋ।

29. ਤਿੰਨਤਾਲ ਵਿੱਚ ਕੋਈ ਤਿੰਨ ਤੋੜੇ ਤੇ ਦੋ ਪਰਨਾ ਲਿਖੋ।

ਜਾਂ

ਇੱਕਤਾਲ ਨੂੰ ਇੱਕਗੁਣ ਅਤੇ ਦੁਗੁਣ ਵਿੱਚ ਲਿਖੋ।

(2X5=10)